# ਮੱਛੀ ਪਾਲਣ ਵਿਭਾਗ, ਮਾਨਸਾ

ਜ਼ਿਲ੍ਹਾ ਮਾਨਸਾ ਵਿਖੇ ਮੱਛੀ ਪਾਲਣ ਦੇ ਕੰਮ ਨੂੰ ਉਤਸ਼ਾਹਿਤ ਕਰਨ ਵਾਸਤੇ ਭਾਰਤ ਸਰਕਾਰ ਦੀ ਮੱਦਦ ਨਾਲ ਮੱਛੀ ਪਾਲਣ ਵਿਕਾਸ ਏਜੰਸੀ (ਫਿਸ਼ ਫਾਰਮਿੰਗ ਐਂਡ ਡਿਵੈਲਪਮੈਂਟ ਏਜੰਸੀ) ਦੀ ਸਥਾਪਨਾ ਕੀਤੀ ਗਈ ਹੈ। ਇਸ ਦਾ ਮੁੱਖ ਉਦੇਸ਼ ਤਲਾਬਾਂ, ਛੱਪੜਾਂ ਅਤੇ ਨੀਵੀਆਂ ਜ਼ਮੀਨਾਂ ਵਿੱਚ ਵਿਗਿਆਨਕ ਤਰੀਕੇ ਨਾਲ ਮੱਛੀ ਪਾਲਣ ਦੇ ਕੰਮ ਨੂੰ ਉਤਸ਼ਾਹਿਤ ਕਰਨਾ ਹੈ। ਜ਼ਿਲ੍ਹੇ ਵਿੱਚ ਇਸ ਏਜੰਸੀ ਦਾ ਕੰਮ ਸਹਾਇਕ ਡਾਇਰੈਕਟਰ ਮੱਛੀ ਪਾਲਣ/ਵਾਈਸ ਚੇਅਰਮੈਨ ਐਫ.ਐਫ.ਡੀ.ਏ. (ਫਿਸ਼-ਫਾਰਮਿੰਗ ਐਂਡ ਡਿਵੈਲਪਮੈਂਟ ਏਜੰਸੀ) ਦੀ ਨਿਗਰਾਨੀ ਹੇਠ ਮੁੱਖ ਕਾਰਜਕਾਰੀ ਅਫ਼ਸਰ ਦੁਆਰਾ ਅਮਲ ਵਿੱਚ ਲਿਆਂਦਾ ਜਾਂਦਾ ਹੈ। ਮੁੱਖ ਕਾਰਜਕਾਰੀ ਅਫ਼ਸਰ ਦੀ ਸਹਾਇਤਾ ਵਾਸਤੇ ਮੱਛੀ ਪ੍ਰਸਾਰ ਦੇ ਕੰਮ ਲਈ ਇੱਕ ਮੱਛੀ ਪ੍ਰਸਾਰ ਅਫ਼ਸਰ ਤਾਇਨਾਤ ਹੈ। ਮੱਛੀ ਪਾਲਕ ਵਿਕਾਸ ਏਜੰਸੀ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੀਜੀ ਮੰਜ਼ਲ ਕਮਰਾ ਨੰ: 84 ਮਾਨਸਾ ਵਿਖੇ ਸਥਿਤ ਮੱਛੀ ਪਾਲਕ ਵਿਕਾਸ ਏਜੰਸੀ ਵੱਲੋਂ ਹੇਠ-ਲਿਖੇ ਅਨੁਸਾਰ ਮੱਛੀ ਪਾਲ ਸੰਬੰਧੀ ਸਹੂਲਤਾਂ ਮੱਛੀ ਕਾਸ਼ਤਕਾਰਾਂ ਨੂੰ ਦਿਤੀਆਂ ਜਾਂਦੀਆਂ ਹਨ :-

## 1. ਬੈਂਕਾਂ ਤੋਂ ਕਰਜ਼ਾ :-

ਨਵੇਂ ਛੱਪੜਾਂ ਦੀ ਪੁਟਾਈ ਜਾਂ ਪਿੰਡਾਂ ਦੇ ਛੱਪੜਾਂ, ਨੀਵੀਆਂ ਥਾਵਾਂ ਦੇ ਸੁਧਾਰ ਕਰਕੇ ਮੱਛੀ ਪਾਲਣ ਦਾ ਛੱਪੜ ਤਿਆਰ ਕਰਨ ਵਾਸਤੇ ਬੈਂਕਾਂ ਤੋਂ ਆਸਾਨ ਕਿਸ਼ਤਾਂ ਤੇ ਕਰਜ਼ਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇੱਕ ਹੈਕਟੇਅਰ ਨਵੇਂ ਛੱਪੜ ਦੀ ਪੁਟਾਈ ਅਤੇ ਟਿਊਬਵੇਨ ਵਾਸਤੇ 2,00,000/- ਰੁ: ਦਾ ਕਰਜ਼ਾ ਅਤੇ ਪੁਰਾਣੇ ਛੱਪੜ ਦੇ ਸੁਧਾਰ ਲਈ 70,000/- ਰੁ: ਦਾ ਕਰਜ਼ਾ ਬੈਂਕਾਂ ਪਾਸੋਂ ਮਿਲ ਸਕਦਾ ਹੈ।

## 2 ਸਬਸਿਡੀ :-

**ਵਿਭਾਗ ਵੱਲੋਂ ਮੱਛੀ ਪਾਲਕ ਕਿਸਾਨਾਂ ਦੀ ਸਹੂਲਤ ਵਾਸਤੇ ਹੇਠ ਲਿਖੇ ਅਨੁਸਾਰ ਸਬਸਿਡੀ ਦੇਣ ਦਾ ਪ੍ਰਬੰਧ ਹੈ।**

ੳ) ਇੱਕ ਹੈਕਟੇਅਰ ਨਵੇਂ ਛੱਪੜ ਦੀ ਉਸਾਰੀ ਅਤੇ ਟਿਊਬਵੈਲ ਵਾਸਤੇ 20% ਵੱਧ ਤੋਂ ਵੱਧ 40,000/- ਰੁ: ਸਬਸਿਡੀ ਦੇਣ ਦਾ ਪ੍ਰਬੰਧ ਹੈ। ਅਨੂਸੂਚਿਤ ਜਾਤੀ ਮੱਛੀ ਕਾਸ਼ਤਕਾਰ ਵਾਸਤੇ 50,000/- ਸਬਸਿਡੀ ਦੇਣ ਦਾ ਪ੍ਰਬੰਧ ਹੈ।

ਅ) ਇੱਕ ਹੈਕਟੇਅਰ ਪੁਰਾਣੇ ਛੱਪੜ ਦੇ ਸੁਧਾਰ ਵਾਸਤੇ 20% ਵੱਧ ਤੋਂ ਵੱਧ 12,000/- ਸਬਸਿਡੀ

ਆਮ ਮੱਛੀ ਕਿਸਾਨਾਂ ਵਾਸਤੇ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਵਾਸਤੇ ਇਹ 25% ਵੱਧ ਤੋਂ ਵੱਧ 15,000/- ਦੇਣ ਦਾ ਪ੍ਰਬੰਧ ਹੈ।

ੲ) ਪਹਿਲੇ ਸਾਲ ਇੱਕ ਹੈਕਟੇਅਰ ਛੱਪੜ ਵਾਸਤੇ ਇੰਨਪੁਟਸ ਆਦਿ ਦੀ ਸਬਸਿਡੀ ਵੱਲੋਂ 20% ਵੱਧ ਤੋਂ ਵੱਧ 6000/- ਆਮ ਕਿਸਾਨਾਂ ਵਾਸਤੇ ਅਤੇ ਅਨੁਸੂਚਿਤ ਦੇ ਕਿਸਾਨਾਂ ਵਾਸਤੇ ਇਹ ਰਕਮ 25% ਵੱਧ ਤੋਂ ਵੱਧ 7500/- ਰੁ: ਹੈ।

ਸ) ਇੱਕ ਏਰੀਏਟਰ ਸੈਟ/ਪੰਪ ਸੈਟ ਵਾਲੇ ਏਰੀਏਟਰ ਤੇ 25% ਵੱਧ ਤੋਂ ਵੱਧ 12500/- ਸਬਸਿਡੀ ਹਰ ਮੱਛੀ ਕਿਸਾਨ ਵਾਸਤੇ ਦੇਣ ਦਾ ਪ੍ਰਬੰਧ ਹੈ।

ਹ) ਮੱਛੀ ਪਾਲਣ ਨਾਲ ਸਾਂਝੇ ਧੰਦਿਆਂ ਵਾਸਤੇ ਜਿਵੇਂ ਮੁਰਗੀ ਪਾਲਣ, ਸੂਰ ਪਾਲਣ ਅਤੇ ਬੱਤਖਾਂ ਆਦਿ ਲਈ 20% ਵੱਧ ਤੋਂ ਵੱਧ 16000/-ਰੁ: ਪ੍ਰਤੀ ਹੈਕਟੇਅਰ ਆਮ ਕਿਸਾਨਾ ਵਾਸਤੇ ਅਤੇ 25% ਵੱਧ ਤੋਂ ਵੱਧ 20,000/- ਰੁ: ਅਨੁਸੂਚਿਤ ਜਾਤੀ ਦੇ ਮੱਛੀ ਕਾਸ਼ਤਕਾਰਾਂ ਵਾਸਤੇ ਸਬਸਿਡੀ ਦੇਣ ਦਾ ਪ੍ਰਬੰਧ ਹੈ।

ਕ) ਮੱਛੀ ਪਾਲਕ ਵਿਕਾਸ ਏਜੰਸੀ ਵੱਲੋਂ ਚਾਹਵਾਨ ਮੱਛੀ ਕਾਸ਼ਤਕਾਰਾਂ ਨੂੰ 10 ਦਿਨਾਂ ਦੀ ਮੁਫਤ਼ ਸਿਖਲਾਈ ਦਿੱਤੀ ਜਾਂਦੀ ਹੈ।